
Cover Page

INTERNATIONAL JOURNAL OF MULTIDISCIPLINARY EDUCATIONAL RESEARCH
ISSN:2277-7881(Print); IMPACT FACTOR :10.16(2026); IC VALUE:5.16; ISI VALUE:2.286
PEER REVIEWED AND REFEREED INTERNATIONAL JOURNAL
(Fulfilled Suggests Parameters of UGC by IJMER)
Volume:15, Issue:1(7), January 2026
Scopus Review ID: A2B96D3ACF3FEA2A
Article Received: Reviewed: Accepted
Publisher: Sucharitha Publication, India
Online Copy of Article Publication Available: www.ijmer.in

# ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਲੋਕਤੰਤਰੀ ਚੇਤਨਾ: ਸੰਕਲਪਾਤਮਕ ਪ੍ਰਸੰਗ

**ਹਰਪ੍ਰੀਤ ਸਿੰਘ ਦੂਆ (ਡਾ.)**
**ਐਸੋਸੀਏਟ ਪ੍ਰੋਫੈਸਰ**
**ਪੰਜਾਬੀ ਵਿਭਾਗ**
**ਗੁਜਰਾਂਵਾਲਾ ਗੁਰੂ ਨਾਨਕ ਖਾਲਸਾ ਕਾਲਜ, ਲੁਧਿਆਣਾ**

## Abstract

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਜਿਸ ਲੋਕਤੰਤਰੀ ਚੇਤਨਾ ਦੇ ਸੰਕਲਪ ਦੀ ਵਿਆਖਿਆ ਕੀਤੀ ਗਈ ਹੈ, ਉਸਦਾ ਉਦੇਸ਼ ਕੌਮੀ ਅਤੇ ਕੌਮਾਂਤਰੀ ਭਾਵਨਾਵਾਂ ਨਾਲ ਲਿਪਤ ਹੈ। 'ਹਲੇਮੀ ਰਾਜਾ' ਦਾ ਸੰਕਲਪ ਗੁਰਬਾਣੀ ਦੇ ਰਾਜਨੀਤਕ ਵਿਚਾਰਾਂ ਦੀ ਪ੍ਰਤੀਨਿਧਤਾ ਕਰਦਾ ਹੈ, ਜੋ ਰਾਜਨੀਤੀ ਸ਼ਾਸ਼ਕ ਅਤੇ ਸ਼ਾਸਤ ਦੇ ਸੁਖਾਵੇਂ ਸੰਬੰਧਾਂ ਦਾ ਸਮਰਥਕ ਹੈ। ਇਸ ਦਾ ਉਦੇਸ਼ "ਬੇਗਮ ਪੁਰਾ ਸਹਰ ਕੋ ਨਾਉ' ਹੈ, ਜਿਸਦਾ ਨਾਅਰਾ 'ਨਾ ਕੋਈ ਬੈਰੀ ਨਾਹਿ ਬੇਗਾਨਾ' ਹੈ। ਇਸਦੀ ਕਥਨੀ ਅਤੇ ਕਰਨੀ 'ਸਭੇ ਸਾਂਝੀਵਾਲ ਸਦਾਇਨਿ' ਵਾਲੀ ਹੈ। ਇਸ ਰਾਜਨੀਤੀ ਦਾ ਪ੍ਰੇਰਣਾ ਸਰੋਤ ਤਾਂ ਜਾਬਰ ਨੂੰ ਜ਼ਾਲਮ ਕਹਿਣਾ ਅਤੇ ਮਜ਼ਲੂਮਾਂ ਦੀ ਰੱਖਿਆ ਕਰਨੀ ਹੈ। ਇਸ ਦੀ ਕਾਰਜਸ਼ੀਲਤਾ 'ਸੰਤਾ ਮਾਨਹੁ ਦੂਤਾ ਡਾਨਹੁ' ਹੈ ਅਤੇ ਇਸ ਵਿਚ 'ਜੇ ਸਕਤਾ ਸਕਤੇ ਕੋ ਮਾਰੇ' ਦੁਆਰਾ ਕੀਤਾ ਗਿਆ ਨਿਆਂ ਹੈ। ਇਸ ਰਾਜ ਦਾ ਇਕੋ ਇਕ ਉਦੇਸ਼ 'ਧਰਮ ਚਲਾਵਨ ਸੰਤ ਉਬਾਰਨ॥ ਦੁਸਟ ਸਭਨ ਕੋ ਮੂਲ ਉਬਾਰਨ ਵਾਲਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਜਿਸ ਲੋਕਤਾਂਤਰਿਕ ਚੇਤਨਾ ਦਾ ਉਲੇਖ ਕੀਤਾ ਗਿਆ ਹੈ ਉਸ ਦਾ ਇਕ ਅਹਿਮ ਪੱਖ ਹੈ, ਜਨਤਾ ਨੂੰ ਜ਼ੁਲਮ ਅਤੇ ਲੁੱਟ ਖਸੁੱਟ ਦੇ ਵਿਰੁੱਧ ਸੁਚੇਤ ਕਰਨਾ। ਗੁਰਮਤਿ ਵਿਚ ਹਰ ਪ੍ਰਕਾਰ ਦੇ ਸ਼ੋਸ਼ਣ ਦੀ ਨਿਖੇਧੀ ਜ਼ੋਰਦਾਰ ਸ਼ਬਦਾਂ ਵਿਚ ਕੀਤੀ ਗਈ ਹੈ, ਇਹ ਭਾਵੇਂ ਰਾਜਨੀਤਕ, ਆਰਥਿਕ, ਸਮਾਜਿਕ ਜਾਂ ਅਧਿਆਤਮਕ ਖੇਤਰ ਵਿੱਚ ਹੋਵੇ। ਸਮਾਜ ਵਿਚ ਉਪਜ ਦੇ ਸਾਰੇ ਸਾਧਨ ਅਕਾਲ ਪੁਰਖ ਦੇ ਹੋਣ ਕਰਕੇ ਸਭ ਵਰਗਾਂ ਧਰਮਾਂ, ਜਾਤਾਂ ਅਤੇ ਨਸਲਾਂ ਦੇ ਮਨੁੱਖਾਂ ਦਾ ਪੂਰਾ ਅਧਿਕਾਰ ਹੈ। ਲੋਕਤੰਤਰ ਵਿਚ ਕੋਈ ਵੀ ਉੱਚਾ ਨੀਵਾਂ ਜਾਂ ਵੱਧ ਘੱਟ ਨਹੀਂ ਮੰਨਿਆ ਜਾਂਦਾ ਸਗੋਂ ਹਰੇਕ ਨੂੰ ਸਮਾਜਿਕ ਬਰਾਬਰੀ, ਸੁਤੰਤਰ ਪੂਜਾ ਵਿਧੀਆਂ ਦੀ ਖੁੱਲ੍ਹ ਅਤੇ ਭਰਾਤਰੀ ਭਾਵਨਾ ਦਾ ਸੰਚਾਰ ਹੀ ਇਸ ਰਾਜਨੀਤੀ ਦਾ ਉਦੇਸ਼ ਹੈ।

**Key Words:** ਸ੍ਰੀ ਗੁਰੂ ਗ੍ਰੰਥ ਸਾਹਿਬ, ਲੋਕਤੰਤਰੀ ਚੇਤਨਾ, ਗੁਰਬਾਣੀ, ਸਮਾਜਿਕ ਬਰਾਬਰੀ


ਗੁਰੂ ਗ੍ਰੰਥ ਸਾਹਿਬ ਮੱਧਕਾਲੀਨ ਸਮਾਜ ਵਿਚਲੇ ਅਧਿਆਤਮਿਕਤਾ ਦੀਆਂ ਸਿਖਰਾਂ ਛੋਹਣ ਵਾਲੇ 36 ਬਾਣੀਕਾਰਾਂ ਜਿਹਨਾਂ ਵਿਚ ਗੁਰੂਆਂ, ਸੰਤਾਂ, ਸੂਫੀਆਂ ਅਤੇ ਭਗਤਾਂ ਦੀ ਬਾਣੀ ਦਰਜ ਹੈ, ਦਾ ਅਜਿਹਾ ਲਾ-ਮਿਸਾਲ ਉੱਚਤਮ ਧਾਰਮਿਕ ਗ੍ਰੰਥ ਹੈ, ਜਿਸ ਵਿੱਚ ਪੰਜਵੇਂ ਗੁਰੂ ਅਰਜਨ ਦੇਵ ਨੇ ਸਿੱਖ ਧਰਮ ਦੇ ਪਹਿਲੇ ਪੰਜ ਗੁਰੂ ਸਾਹਿਬਾਨ ਅਤੇ ਨੌਵੇਂ ਗੁਰੂ ਤੋਂ ਇਲਾਵਾ ਵੱਖ-ਵੱਖ ਇਲਾਕਿਆਂ, ਜ਼ਾਤਾਂ, ਸ਼੍ਰੇਣੀਆਂ, ਕਿੱਤਿਆਂ ਦੁਆਰਾ ਪੰਜਾਬੀ, ਉਰਦੂ, ਫ਼ਾਰਸੀ, ਅਰਬੀ, ਸੰਸਕ੍ਰਿਤ ਅਤੇ ਰਾਜਸਥਾਨੀ ਇਤਿ ਆਦਿ ਭਾਸ਼ਾਵਾਂ ਦੁਆਰਾ ਬ੍ਰਹਮ, ਜੀਵ, ਜਗਤ, ਮਾਇਆ, ਮੁਕਤੀ ਦਾ ਸੰਕਲਪ ਲੋਕਤੰਤਰੀ ਦ੍ਰਿਸ਼ਟੀ ਤੋਂ ਪੇਸ਼ ਕੀਤਾ ਹੈ। ਇਹ ਗ੍ਰੰਥ ਪ੍ਰੀਸ਼ਕ੍ਰਿਤ ਜਨ ਸਧਾਰਨ ਵਲੋਂ, ਜਨ ਸਧਾਰਨ ਲਈ ਅਤੇ ਜਨ ਸਧਾਰਨ ਦੇ ਮੁਹਾਵਰੇ ਅਤੇ ਭਾਸ਼ਾ ਵਿਚ ਰਚਿਆ ਨਿਰੋਲ ਲੋਕਤਾਂਤਰਿਕ ਹੈ ਕਿਉਂਕਿ:

ਅਵਲਿ ਅਲਹ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ॥

ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ॥[1]

ਦੇ ਮਾਨਵਵਾਦੀ ਬੁਨਿਆਦੀ ਸਿਧਾਂਤ ਉੱਪਰ ਪਹਿਰਾ ਦਿੰਦਾ ਹੈ। ਇਸ ਦ੍ਰਿਸ਼ਟੀ ਤੋਂ ਚੇਤਨਾ ਦੇ ਇਸ ਪਹਿਲੂ ਨੂੰ ਚਾਰ ਵੱਖ-ਵੱਖ ਸਿਰਲੇਖਾਂ ਰਾਹੀਂ ਪ੍ਰਗਟਾਉਣ ਦਾ ਨਿਮਾਣਾ ਯਤਨ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਜਿਸ ਲੋਕਤੰਤਰੀ ਚੇਤਨਾ ਦੇ ਸੰਕਲਪ ਦੀ ਵਿਆਖਿਆ ਕੀਤੀ ਗਈ ਹੈ, ਉਸਦਾ ਉਦੇਸ਼ ਕੌਮੀ ਅਤੇ ਕੌਮਾਂਤਰੀ ਭਾਵਨਾਵਾਂ ਨਾਲ ਲਿਪਤ ਹੈ। 'ਹਲੇਮੀ ਰਾਜਾ' ਦਾ ਸੰਕਲਪ ਗੁਰਬਾਣੀ ਦੇ ਰਾਜਨੀਤਕ ਵਿਚਾਰਾਂ ਦੀ ਪ੍ਰਤੀਨਿਧਤਾ ਕਰਦਾ ਹੈ, ਜੋ ਰਾਜਨੀਤੀ ਸ਼ਾਸ਼ਕ ਅਤੇ ਸ਼ਾਸਤ ਦੇ ਸੁਖਾਵੇਂ ਸੰਬੰਧਾਂ ਦਾ ਸਮਰਥਕ ਹੈ। ਇਸ ਦਾ ਉਦੇਸ਼ "ਬੇਗਮ ਪੁਰਾ ਸਹਰ ਕੋ ਨਾਉ' ਹੈ, ਜਿਸਦਾ ਨਾਅਰਾ 'ਨਾ ਕੋਈ ਬੈਰੀ ਨਾਹਿ ਬੇਗਾਨਾ' ਹੈ। ਇਸਦੀ ਕਥਨੀ ਅਤੇ ਕਰਨੀ 'ਸਭੇ ਸਾਂਝੀਵਾਲ ਸਦਾਇਨਿ' ਵਾਲੀ ਹੈ। ਇਸ ਰਾਜਨੀਤੀ ਦਾ ਪ੍ਰੇਰਣਾ ਸਰੋਤ ਤਾਂ ਜਾਬਰ ਨੂੰ ਜ਼ਾਲਮ ਕਹਿਣਾ ਅਤੇ ਮਜ਼ਲੂਮਾਂ ਦੀ ਰੱਖਿਆ ਕਰਨੀ ਹੈ। ਇਸ ਦੀ ਕਾਰਜਸ਼ੀਲਤਾ 'ਸੰਤਾ ਮਾਨਹੁ ਦੂਤਾ ਡਾਨਹੁ' ਹੈ ਅਤੇ ਇਸ ਵਿਚ 'ਜੇ ਸਕਤਾ ਸਕਤੇ ਕੋ ਮਾਰੇ' ਦੁਆਰਾ ਕੀਤਾ ਗਿਆ ਨਿਆਂ ਹੈ। ਇਸ ਰਾਜ ਦਾ ਇਕੋ ਇਕ ਉਦੇਸ਼ 'ਧਰਮ ਚਲਾਵਨ ਸੰਤ ਉਬਾਰਨ॥ ਦੁਸਟ ਸਭਨ ਕੋ ਮੂਲ ਉਬਾਰਨ ਵਾਲਾ ਹੈ।


Cover Page

INTERNATIONAL JOURNAL OF MULTIDISCIPLINARY EDUCATIONAL RESEARCH
ISSN:2277-7881(Print); IMPACT FACTOR :10.16(2026); IC VALUE:5.16; ISI VALUE:2.286
PEER REVIEWED AND REFEREED INTERNATIONAL JOURNAL
(Fulfilled Suggests Parameters of UGC by IJMER)
Volume:15, Issue:1(7), January 2026
Scopus Review ID: A2B96D3ACF3FEA2A
Article Received: Reviewed: Accepted
Publisher: Sucharitha Publication, India
Online Copy of Article Publication Available: www.ijmer.in

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਜਿਸ ਲੋਕਤਾਂਤਰਿਕ ਚੇਤਨਾ ਦਾ ਉਲੇਖ ਕੀਤਾ ਗਿਆ ਹੈ ਉਸ ਦਾ ਇਕ ਅਹਿਮ ਪੱਖ ਹੈ, ਜਨਤਾ ਨੂੰ ਜ਼ੁਲਮ ਅਤੇ ਲੁੱਟ ਖਸੁੱਟ ਦੇ ਵਿਰੁੱਧ ਸੁਚੇਤ ਕਰਨਾ। ਗੁਰਮਤਿ ਵਿਚ ਹਰ ਪ੍ਰਕਾਰ ਦੇ ਸ਼ੋਸ਼ਣ ਦੀ ਨਿਖੇਧੀ ਜ਼ੋਰਦਾਰ ਸ਼ਬਦਾਂ ਵਿਚ ਕੀਤੀ ਗਈ ਹੈ, ਇਹ ਭਾਵੇਂ ਰਾਜਨੀਤਕ, ਆਰਥਿਕ, ਸਮਾਜਿਕ ਜਾਂ ਅਧਿਆਤਮਕ ਖੇਤਰ ਵਿੱਚ ਹੋਵੇ। ਸਮਾਜ ਵਿਚ ਉਪਜ ਦੇ ਸਾਰੇ ਸਾਧਨ ਅਕਾਲ ਪੁਰਖ ਦੇ ਹੋਣ ਕਰਕੇ ਸਭ ਵਰਗਾਂ ਧਰਮਾਂ, ਜਾਤਾਂ ਅਤੇ ਨਸਲਾਂ ਦੇ ਮਨੁੱਖਾਂ ਦਾ ਪੂਰਾ ਅਧਿਕਾਰ ਹੈ। ਲੋਕਤੰਤਰ ਵਿਚ ਕੋਈ ਵੀ ਉੱਚਾ ਨੀਵਾਂ ਜਾਂ ਵੱਧ ਘੱਟ ਨਹੀਂ ਮੰਨਿਆ ਜਾਂਦਾ ਸਗੋਂ ਹਰੇਕ ਨੂੰ ਸਮਾਜਿਕ ਬਰਾਬਰੀ, ਸੁਤੰਤਰ ਪੂਜਾ ਵਿਧੀਆਂ ਦੀ ਖੁੱਲ੍ਹ ਅਤੇ ਭਰਾਤਰੀ ਭਾਵਨਾ ਦਾ ਸੰਚਾਰ ਹੀ ਇਸ ਰਾਜਨੀਤੀ ਦਾ ਉਦੇਸ਼ ਹੈ।

ਲੋਕਤੰਤਰੀ ਸਮਾਜ ਉਹ ਸਮਾਜਿਕ ਵਿਵਸਥਾ ਹੁੰਦੀ ਹੈ, ਜਿਸ ਵਿਚ ਕਿਸੇ ਨਾਲ ਕਿਸੇ ਕਿਸਮ ਦਾ ਕੋਈ ਵਿਤਕਰਾ ਨਹੀਂ ਕੀਤਾ ਜਾਂਦਾ ਅਤੇ ਹਰੇਕ ਵਿਅਕਤੀ ਨੂੰ ਵਿਕਾਸ ਲਈ ਸਮਾਨ ਮੌਕੇ ਦਿਤੇ ਜਾਂਦੇ ਹਨ। ਅਜਿਹੇ ਸਮਾਜ ਵਿਚ ਵਿਸ਼ੇਸ਼ ਅਧਿਕਾਰਾਂ ਵਾਲਾ ਕੋਈ ਵਿਅਕਤੀ ਨਹੀਂ ਹੁੰਦਾ ਅਤੇ ਹਰ ਇਕ ਨੂੰ ਸਮਾਨ ਅਧਿਕਾਰ ਪ੍ਰਾਪਤ ਹੁੰਦੇ ਹਨ। ਲੋਕਤੰਤਰ ਅੰਦਰ ਕਲਾ, ਸਾਹਿਤ ਅਤੇ ਧਰਮ ਨੂੰ ਪੂਰਾ ਵਿਕਾਸ ਕਰਨ ਦਾ ਅਵਸਰ ਪ੍ਰਾਪਤ ਹੁੰਦਾ ਹੈ। ਹਰੇਕ ਵਿਅਕਤੀ ਸੁਤੰਤਰ ਸੋਚ ਨਾਲ ਇਨ੍ਹਾਂ ਖੇਤਰਾਂ ਵਿਚ ਵਿਕਾਸ ਕਰ ਸਕਦਾ ਹੈ। ਹਰੇਕ ਨੂੰ ਸੁਤੰਤਰ ਤੌਰ ਤੇ ਕਿਸੇ ਵੀ ਧਰਮ ਦੀ ਪੂਜਾ ਕਰਨ ਦੀ ਆਗਿਆ ਹੁੰਦੀ ਹੈ। ਇਸ ਤਰ੍ਹਾਂ ਲੋਕਤੰਤਰ ਇਕ ਜੀਵਨ ਸ਼ੈਲੀ ਹੈ। ਜਿਹੜਾ ਵਿਅਕਤੀ ਆਪਣਾ ਜੀਵਨ ਲੋਕਤੰਤਰੀ ਸਿਧਾਂਤਾਂ ਅਨੁਸਾਰ ਜਿਉਂਦਾ ਹੈ ਉਸ ਨੂੰ ਅਸੀਂ ਲੋਕਤੰਤਰੀ ਵਿਅਕਤੀ ਕਹਿ ਸਕਦੇ ਹਾਂ। ਇਸੇ ਕਰਕੇ ਸਮਾਨਤਾ, ਸੁਤੰਤਰਤਾ ਅਤੇ ਸਹਿਯੋਗ ਇਤਿ ਆਦਿ ਸਿਧਾਂਤਾਂ ਅਨੁਸਾਰ ਵਿਅਕਤੀ ਵਧੀਆ ਜੀਵਨ ਜਾਚ ਸਿਖਦਾ ਹੈ।

ਲੋਕਤੰਤਰ ਦੀ ਇਕ ਵਿਸ਼ੇਸ਼ਤਾ ਇਹ ਵੀ ਮੰਨੀ ਜਾਂਦੀ ਹੈ ਕਿ ਸਾਰੇ ਲੋਕ ਮਿਲ ਜੁਲ ਕੇ ਰਹਿੰਦੇ ਹਨ ਅਤੇ ਹਮੇਸ਼ਾ ਇਕ ਦੂਜੇ ਨਾਲ ਸਮਾਨ ਵਿਹਾਰ ਕਰਦੇ ਹਨ। ਫਰਾਂਸ ਵਿਚ ਸੁਤੰਤਰਤਾ ਅਤੇ ਸਮਾਨਤਾ ਦੇ ਨਾਲ ਭਰਾਤਰੀਭਾਵ ਦਾ ਨਾਅਰਾ ਵੀ ਲਗਾਇਆ ਗਿਆ ਸੀ। ਇਸੇ ਪ੍ਰਕਾਰ ਭਾਰਤ ਦੇ ਸੰਵਿਧਾਨ ਦੀ ਪ੍ਰਸਤਾਵਨਾ ਵਿਚ ਵੀ ਭਰਾਤਰੀਭਾਵ ਦੀ ਭਾਵਨਾ ਨੂੰ ਵਿਕਸਤ ਕਰਨਾ ਇਕ ਉਦੇਸ਼ ਦੇ ਰੂਪ ਵਿਚ ਸਵੀਕਾਰ ਕੀਤਾ ਗਿਆ ਹੈ। ਲੋਕਤੰਤਰ ਵਿਚ ਮੌਲਿਕ ਅਧਿਕਾਰਾਂ ਦੀ ਵਿਸ਼ੇਸ਼ ਮਹੱਤਤਾ ਨੂੰ ਖਾਸ ਤੌਰ ਤੇ ਮਹੱਤਵ ਦਿਤਾ ਜਾਂਦਾ ਹੈ। ਲੋਕਤੰਤਰ ਵਿਚ, ਵਿਅਕਤੀ ਦੇ ਵਿਸ਼ੇਸ਼ ਹੋਣ ਕਰਕੇ, ਉਸ ਨੂੰ ਆਪਣੇ ਜੀਵਨ ਨੂੰ ਵੱਧ ਤੋਂ ਵੱਧ ਸੁਖਾਵਾਂ ਬਨਾਉਣ ਲਈ ਸਾਰੀਆਂ ਸਹੂਲਤਾਂ ਦਿੱਤੀਆਂ ਜਾਂਦੀਆਂ ਹਨ। ਇਨ੍ਹਾਂ ਨੂੰ ਹੀ ਅਧਿਕਾਰ ਕਿਹਾ ਜਾਂਦਾ ਹੈ। ਅਧਿਕਾਰ ਵਿਅਕਤੀ ਦੇ ਨਿੱਜੀ ਸਮਾਜਿਕ, ਆਰਥਿਕ, ਰਾਜਨੀਤਕ, ਮਾਨਸਿਕ ਅਤੇ ਨੈਤਿਕ ਭਾਵ ਉਸਦੇ ਸਰਵਪੱਖੀ ਵਿਕਾਸ ਲਈ ਅਤਿਅੰਤ ਜ਼ਰੂਰੀ ਹਨ। ਉਨ੍ਹਾਂ ਦੇ ਇਹ ਅਧਿਕਾਰ ਕੇਵਲ ਨਿੱਜੀ ਵਿਕਾਸ ਲਈ ਨਹੀਂ ਸਗੋਂ ਸਮਾਜ ਅਤੇ ਸਮਾਜਿਕ ਕਦਰਾਂ ਕੀਮਤਾਂ ਦੇ ਵਿਕਾਸ ਲਈ ਵੀ ਜ਼ਰੂਰੀ ਹੁੰਦੇ ਹਨ। ਲੋਕਤੰਤਰ ਵਿਚ ਹਰੇਕ ਵਿਅਕਤੀ ਨੂੰ ਆਪਣੇ ਵਿਚਾਰ ਪ੍ਰਗਟ ਕਰਨ ਦਾ ਅਧਿਕਾਰ ਹੁੰਦਾ ਹੈ ਪਰੰਤੂ ਉਹ ਇਸ ਦਾ ਪ੍ਰਯੋਗ ਦੂਜਿਆਂ ਉਤੇ ਚਿੱਕੜ ਸੁੱਟਣ ਲਈ ਨਹੀਂ ਕਰ ਸਕਦਾ। ਅਧਿਕਾਰ ਸਾਰੇ ਵਿਅਕਤੀਆਂ ਨੂੰ ਸਮਾਨ ਰੂਪ ਵਿਚ ਪ੍ਰਾਪਤ ਹੁੰਦੇ ਹਨ ਅਮੀਰ- ਗਰੀਬ, ਕਾਲੇ-ਗੋਰੇ, ਉਚੇ-ਨੀਵੇਂ, ਸ਼ਕਤੀਸ਼ਾਲੀ ਅਤੇ ਕਮਜ਼ੋਰ ਕਿਸੇ ਵਿਚ ਵੀ ਕੋਈ ਅੰਤਰ ਨਹੀਂ ਕੀਤਾ ਜਾਂਦਾ। ਉਨ੍ਹਾਂ ਸਾਰਿਆਂ ਨੂੰ ਵਿਕਾਸ ਲਈ ਸਮਾਨ ਮੌਕੇ ਪ੍ਰਾਪਤ ਹੁੰਦੇ ਹਨ।

ਅਧਿਕਾਰਾਂ ਦੇ ਨਾਲ-ਨਾਲ ਕਰਤੱਵਾਂ ਦਾ ਵੀ ਬੜਾ ਗੂੜ੍ਹਾ ਸੰਬੰਧ ਹੈ। ਇਹ ਦੋਵੇਂ ਵਿਅਕਤੀ ਅਤੇ ਪਰਛਾਵੇਂ ਦੇ ਸਮਾਨ ਇਕ ਦੂਜੇ ਨਾਲ ਚਲਦੇ ਹਨ। ਕਿਸੇ ਇਕ ਵਿਅਕਤੀ ਦਾ ਅਧਿਕਾਰ ਦੂਸਰੇ ਦਾ ਕਰਤੱਵ ਹੁੰਦਾ ਹੈ। ਮੇਰਾ ਅਧਿਕਾਰ ਕਿਸੇ ਦੂਸਰੇ ਵਿਅਕਤੀ ਦਾ ਕਰਤੱਵ ਅਤੇ ਦੂਸਰੇ ਦਾ ਅਧਿਕਾਰ ਮੇਰਾ ਕਰਤੱਵ ਹੁੰਦਾ ਹੈ। ਇਨ੍ਹਾਂ ਅਧਿਕਾਰਾਂ ਵਿਚ ਕਿਸੇ ਵਿਅਕਤੀ ਦਾ ਸੁਆਰਥ ਨਹੀਂ ਸਗੋਂ ਸਮਾਜਿਕ ਕਲਿਆਣ ਦੀ ਭਾਵਨਾ ਹੁੰਦੀ ਹੈ ਕਿਉਂਕਿ ਅਧਿਕਾਰ ਸਮਾਜ ਦੀ ਦੇਣ ਹੁੰਦੇ ਹਨ, ਇਸ ਲਈ ਇਨ੍ਹਾਂ ਦਾ ਪ੍ਰਯੋਗ ਵੀ ਸਮਾਜ ਦੇ ਕਲਿਆਣ ਲਈ ਕੀਤਾ ਜਾਂਦਾ ਹੈ। ਕੋਈ ਵੀ ਐਸਾ ਅਧਿਕਾਰ ਜੋ ਸਮਾਜ ਲਈ ਉਪਯੋਗੀ ਨਾ ਹੋਵੇ ਉਸਨੂੰ ਪਰਵਾਨ ਹੀ ਨਹੀਂ ਕੀਤਾ ਜਾਂਦਾ।

ਲੋਕਤੰਤਰ ਵਿਚ ਮਨੁੱਖ ਦੇ ਬੁਨਿਆਦੀ ਵਿਕਾਸ ਲਈ ਮੌਲਿਕ ਅਧਿਕਾਰਾਂ ਵਿਚੋਂ ਧਾਰਮਿਕ ਸੁਤੰਤਰਤਾ ਦਾ ਅਧਿਕਾਰ ਪ੍ਰਮੁੱਖ ਮੰਨਿਆ ਜਾਂਦਾ ਹੈ। ਵਿਅਕਤੀ ਉਤੇ ਕੋਈ ਵੀ ਧਰਮ ਜਬਰਨ ਠੋਸਿਆ ਨਹੀਂ ਜਾ ਸਕਦਾ। ਉਸਨੂੰ ਆਪਣੀ ਮਰਜੀ ਨਾਲ ਆਪਣਾ ਧਰਮ ਚੁਨਣ ਅਤੇ ਉਸ ਦੀ ਪੂਜਾ ਕਰਨ ਦਾ ਅਧਿਕਾਰ ਹੈ। ਗੁਰੂ ਗ੍ਰੰਥ ਸਾਹਿਬ ਦੇ ਬਾਣੀਕਾਰਾਂ ਦੇ ਪ੍ਰਤੀਮਾਨਾਂ ਵਿਚੋਂ ਲੋਕਤੰਤਰੀ ਸਮਾਜ ਦੇ ਵਿੱਲਖਣ ਤੱਤਾਂ ਨੂੰ ਪ੍ਰਗਟਾਇਆ ਗਿਆ ਹੈ। ਭਾਵੇਂ ਅੱਜ ਲੋਕਤੰਤਰ ਨੂੰ ਪਰਿਭਾਸ਼ਤ ਕਰਦਿਆਂ ਅਸੀਂ ਇਸਨੂੰ ਅਠਾਰਵੀਂ ਸਦੀ ਦੀ ਉੱਪਜ ਪ੍ਰਵਾਨ ਕਰਦੇ ਹਾਂ ਪਰ ਗੁਰੂ ਗ੍ਰੰਥ ਸਾਹਿਬ ਦੀ ਸਮੁੱਚੀ ਬਾਣੀ ਵਿਚ ਦੂਰ- ਦ੍ਰਿਸ਼ਟੀ ਅਤੇ ਕਰਮਸ਼ੀਲਤਾ ਸਦਕਾ ਇਨ੍ਹਾਂ ਲੋਕਤੰਤਰੀ ਰਵਾਇਤਾਂ ਨੂੰ ਪਕੇਰਾ ਕਰਨ ਵਿਚ ਕਰਨ ਵਿਚ ਅਹਿਮ ਭੂਮਿਕਾ ਨਿਭਾਈ ਹੈ

ਬਾਣੀਕਾਰਾਂ ਨੇ ਸਾਰੇ ਸੰਸਾਰ ਦੀ ਸਿਰਜਣਾ ਸਰਬ ਕਲਾ ਸਮਰੱਥ ਪਰਮਾਤਮਾ ਵੱਲੋਂ ਕੀਤੀ ਗਈ ਹੋਣ ਦਾ ਸੰਕਲਪ ਦ੍ਰਿੜਾਉਂਦੇ ਹੋਏ ਮਾਇਆ ਦੀ ਪਕੜ ਵਿਚ ਵਕਤੀ ਸੁਆਦਾਂ ਵਿੱਚ ਗਲਤਾਨ ਹੋ ਕੇ, ਨਿਰੰਤਰ ਪਸ਼ਚਾਤਾਪ ਹੰਢਾਉਂਦੇ ਮਨੁੱਖ ਮਾਤਰ ਦੀ 'ਸੁਰਤਿ ਮਤਿ ਮਨਿ ਅਤੇ ਬੁਧਿ' ਦੀ ਸ਼ਬਦ ਦੀ ਟਕਸਾਲ ਵਿਚ ਘਾੜਤ ਘੜ ਕੇ ਕੂੜਿਆਰ ਤੋਂ ਸਚਿਆਰ ਬਣਾਉਣ ਦਾ ਯਤਨ ਕੀਤਾ ਹੈ। ਭਰਮਾਂ ਦੇ ਹਨੇਰੇ ਵਿਚ ਭਟਕਦੇ ਮਾਨਵ ਨੂੰ ਸੱਚ ਦੀ ਰੋਸ਼ਨੀ ਵਿੱਚ ਖੜੋ ਕੇ ਜੀਵਨ ਦੀ ਵਾਸਤਵਿਕ ਸੱਚ ਨੂੰ ਪਹਿਚਾਨਣ, ਜੀਵਨ ਦੇ ਮੰਤਵ ਨੂੰ ਗ੍ਰਹਿਣ ਕਰਨ ਅਤੇ ਮੰਜ਼ਿਲ ਦੀ ਪੂਰਤੀ ਲਈ ਸਾਰਥਕ ਦਿਸ਼ਾ ਵਿਚ ਕਦਮ ਪੁੱਟਣ ਦੀ ਪ੍ਰੇਰਨਾ ਅਤੇ ਸੁਝਾਅ ਦਿੱਤੇ ਹਨ ਤਾਂ ਜੋ ਮਾਨਵ ਧਰਤੀ ਅਤੇ ਪਰਮਾਤਮਾ ਦੀ ਦਰਗਾਹ ਵਿਚ 'ਉਜਲੇ ਮੁਖ' ਨਾਲ ਵਿਚਰਦਿਆਂ ਆਪਣੇ ਆਪ ਦੇ 'ਮਨ ਤੂ ਜੋਤਿ ਸਰੂਪ ਹੈ" ਦੇ ਅਸਲ ਮੰਤਵ ਨੂੰ ਪਹਿਚਾਨਦਿਆਂ ਮਾਣ ਸਤਿਕਾਰ ਦਾ ਅਧਿਕਾਰੀ ਬਣ ਸਕੇ।

Cover Page

INTERNATIONAL JOURNAL OF MULTIDISCIPLINARY EDUCATIONAL RESEARCH
ISSN:2277-7881(Print); IMPACT FACTOR :10.16(2026); IC VALUE:5.16; ISI VALUE:2.286
PEER REVIEWED AND REFEREED INTERNATIONAL JOURNAL
(Fulfilled Suggests Parameters of UGC by IJMER)
Volume:15, Issue:1(7), January 2026
Scopus Review ID: A2B96D3ACF3FEA2A
Article Received: Reviewed: Accepted
Publisher: Sucharitha Publication, India
Online Copy of Article Publication Available: www.ijmer.in

ਬਾਣੀਕਾਰ ਦੱਸਦੇ ਹਨ ਕਿ ਇਕੋ ਪਰਮਾਤਮਾ ਹੀ ਸ੍ਰਿਸ਼ਟੀ ਦਾ ਸਿਰਜਕ, ਰਾਜਕ ਅਤੇ ਨਾਸ਼ਕ ਹੈ। ਉਸਦੇ ਜਗਤ ਨਾਲ ਮਾਤਾ, ਪਿਤਾ, ਭਾਈ, ਪੁੱਤਰ ਅਤੇ ਰਿਸ਼ਤੇਦਾਰ ਇਤਿ ਆਦਿ ਸਾਰੇ ਹੀ ਰਿਸ਼ਤੇ ਹਨ। ਸ੍ਰਿਸ਼ਟੀ ਪ੍ਰਕਿਰਿਆ ਦੇ ਹੋਂਦ ਵਿਚ ਆਉਣ ਤੋਂ ਕਈ ਅਰਬਾਂ ਖਰਬਾਂ ਸਾਲ ਪਹਿਲਾਂ ਜਦੋਂ ਏਥੇ ਕੁਝ ਵੀ ਨਹੀਂ ਸੀ ਕੇਵਲ ਧੁੰਦ ਹੀ ਧੁੰਦ ਸੀ ਤਾਂ ਉਦੋਂ ਵੀ ਪਰਮਾਤਮਾ ਸੁੰਨ ਅਵਸਥਾ ਵਿਚ ਸਮਾਧੀ ਲਗਾ ਕੇ ਮੌਜੂਦ ਸੀ:

ਅਰਬਦ ਨਰਬਦ ਧੁੰਧੂਕਾਰਾ॥

ਧਰਣਿ ਨ ਗਗਨਾ ਹੁਕਮੁ ਅਪਾਰਾ॥

ਨਾ ਦਿਨੁ ਰੈਨਿ ਨ ਚੰਦੁ ਨ ਸੂਰਜੁ ਸੁੰਨ ਸਮਾਧਿ ਲਗਾਇਦਾ॥[2]

ਪਰਮਾਤਮਾ ਦੇ ਬਰਾਬਰ ਦਾ ਕੋਈ ਹੋਰ ਸ਼ਰੀਕ ਤੇ ਦੂਸਰਾ ਨਹੀਂ ਹੈ।

- ਸਾਹਿਬੁ ਮੇਰਾ ਏਕੋ ਹੈ॥ ਏਕੋ ਹੈ ਭਾਈ ਏਕੋ ਹੈ॥
  ਆਪੇ ਮਾਰੇ ਆਪੇ ਛੋਡੈ ਆਪੇ ਲੇਵੈ ਦੇਇ ॥
  ਆਪੇ ਵੇਖੈ ਆਪੇ ਵਿਗਸੈ ਆਪੇ ਨਦਰਿ ਕਰੇਇ ॥੨॥[3]
- ਇਕੋ ਭਾਈ ਮਿਤੁ ਇਕੁ ਇਕੋ ਮਾਤ ਪਿਤਾ॥
  ਇਕਸ ਕੀ ਮਨਿ ਟੇਕ ਹੈ ਜਿਨਿ ਜੀਉ ਪਿੰਡੁ ਦਿਤਾ ॥[4]

- ਤੂੰ ਸਾਝਾ ਸਾਹਿਬੁ ਬਾਪੁ ਹਮਾਰਾ ॥
  ਨਉ ਨਿਧਿ ਤੇਰੈ ਅਖੁਟ ਭੰਡਾਰਾ ॥
  ਜਿਸੁ ਤੂੰ ਦੇਹਿ ਸੁ ਤ੍ਰਿਪਤਿ ਅਘਾਵੈ ਸੋਈ ਭਗਤੁ ਤੁਮਾਰਾ ਜੀਉ ॥੨॥ [5]
- ਤੂੰ ਮੇਰਾ ਪਿਤਾ ਤੂੰਹੈ ਮੇਰਾ ਮਾਤਾ ॥
  ਤੂੰ ਮੇਰਾ ਬੰਧਪ ਤੂੰ ਮੇਰਾ ਭ੍ਰਾਤਾ॥[6]
- ਜੇ ਜਾਣਾ ਲੜੁ ਛਿਜਣਾ ਪੀਡੀ ਪਾਈਂ ਗੰਢਿ ॥
  ਤੈ ਜੇਵਡੁ ਮੈ ਨਾਹਿ ਕੋ ਸਭੁ ਜਗੁ ਡਿਠਾ ਹੰਢਿ ॥[7]

ਜਿੱਥੇ ਪਰਮਾਤਮਾ ਵਰਗਾ ਵੱਡਾ ਕੋਈ ਨਹੀਂ ਉਥੇ ਉਸਦੇ ਗੁਣ ਬੇਅੰਤ ਅਤੇ ਅਕਹਿ ਹਨ, ਉਸਦੇ ਅਨੇਕ ਨਾਮ ਤੇ ਅਨੰਤ ਰੂਪ ਹਨ।

ਤਉ ਕਾਰਣਿ ਸਾਹਿਬਾ ਰੰਗਿ ਰਤੇ ॥

ਤੇਰੇ ਨਾਮ ਅਨੇਕਾ ਰੂਪ ਅਨੰਤਾ ਕਹਣੁ ਨ ਜਾਹੀ ਤੇਰੇ ਗੁਣ ਕੇਤੇ॥[8]

ਇਹ ਨਾਮ ਰਾਮ, ਅਲਾਹ, ਠਾਕਰ, ਗੋਬਿੰਦ, ਗੋਪਾਲ, ਨਰਾਇਣ, ਬੀਠਲ, ਬਨਵਾਰੀਆ, ਇਤਿ ਆਦਿ ਹਨ:

- ਰਾਮ ਨਾਮ ਗੁਣ ਗਾਇ ਲੇ ਮੀਤਾ ਹਰਿ ਸਿਮਰਤ ਤੇਰੀ ਲਾਜ ਰਹੈ॥
  ਹਰਿ ਸਿਮਰਤ ਜਮੁ ਕਛੁ ਨ ਕਹੈ ॥੧॥ ਰਹਾਉ ॥[9]
- ਕਬੀਰ ਅਲਹ ਕੀ ਕਰਿ ਬੰਦਗੀ ਜਿਹ ਸਿਮਰਤ ਦੁਖੁ ਜਾਇ ॥
  ਦਿਲ ਮਹਿ ਸਾਂਈ ਪਰਗਟੈ ਬੁਝੈ ਬਲੰਤੀ ਨਾਂਇ ॥[10]

- ਹਮ ਚਾਕਰ ਗੋਬਿੰਦ ਕੇ ਠਾਕੁਰੁ ਮੇਰਾ ਭਾਰਾ॥
  ਕਰਨ ਕਰਾਵਨ ਸਗਲ ਬਿਧਿ ਸੋ ਸਤਿਗੁਰੂ ਹਮਾਰਾ ॥੧॥ ਰਹਾਉ ॥ [11]
- ਹੇ ਗੋਬਿੰਦ ਹੇ ਗੋਪਾਲ ਹੇ ਦਇਆਲ ਲਾਲ॥
  ਪ੍ਰਾਨ ਨਾਥ ਅਨਾਥ ਸਖੇ ਦੀਨ ਦਰਦ ਨਿਵਾਰ ॥੧॥ [12]

Cover Page

INTERNATIONAL JOURNAL OF MULTIDISCIPLINARY EDUCATIONAL RESEARCH
ISSN:2277-7881(Print); IMPACT FACTOR :10.16(2026); IC VALUE:5.16; ISI VALUE:2.286
PEER REVIEWED AND REFEREED INTERNATIONAL JOURNAL
(Fulfilled Suggests Parameters of UGC by IJMER)
Volume:15, Issue:1(7), January 2026
Scopus Review ID: A2B96D3ACF3FEA2A
Article Received: Reviewed: Accepted
Publisher: Sucharitha Publication, India
Online Copy of Article Publication Available: www.ijmer.in

- ਨਾਰਾਇਨ ਨਰਪਤਿ ਨਮਸਕਾਰੈ॥
  ਐਸੇ ਗੁਰ ਕਉ ਬਲਿ ਬਲਿ ਜਾਈਐ ਆਪਿ ਮੁਕਤੁ ਮੋਹਿ ਤਾਰੈ ॥੧॥ ਰਹਾਉ ॥ [13]
- ਤੁਧੁ ਬਾਝੁ ਸਮਰਥ ਕੋਇ ਨਾਹੀ ਕ੍ਰਿਪਾ ਕਰਿ ਬਨਵਾਰੀਆ ॥
  ਏਸ ਨਉ ਹੋਰੁ ਥਾਉ ਨਾਹੀ ਸਬਦਿ ਲਾਗਿ ਸਵਾਰੀਆ ॥[14]
- ਈਭੈ ਬੀਠਲੁ ਊਭੈ ਬੀਠਲੁ ਬੀਠਲ ਬਿਨੁ ਸੰਸਾਰੁ ਨਹੀ ॥
  ਥਾਨ ਥਨੰਤਰਿ ਨਾਮਾ ਪ੍ਰਣਵੈ ਪੂਰਿ ਰਹਿਓ ਤੂੰ ਸਰਬ ਮਹੀ ॥੪॥੨॥[15]

ਲੋਕਤੰਤਰ ਵਿਚ ਕਾਨੂੰਨੀ ਤੌਰ ਤੇ ਸਾਰੇ ਵਿਅਕਤੀ ਇਕ ਸਮਾਨ ਹੁੰਦੇ ਹਨ। ਲਿੰਗ, ਜਾਤੀ ਜਾਂ ਧਰਮ ਦੇ ਆਧਾਰ ਉਤੇ ਕਿਸੇ ਨਾਲ ਕੋਈ ਵਿਤਕਰਾ ਨਹੀਂ ਕੀਤਾ ਜਾਂਦਾ। ਇਸ ਲਈ ਨਾਗਰਿਕਾਂ ਦਾ ਕਲਿਆਣ ਸਭ ਤੋਂ ਅਹਿਮ ਮੰਨਿਆ ਜਾਂਦਾ ਹੈ। ਮਨੁੱਖੀ ਜੀਵਨ ਦੀਆਂ ਸਮਾਜਿਕ, ਸਭਿਆਚਾਰਕ ਸਰਗਰਮੀਆਂ ਦੇ ਸੰਬੰਧ ਵਿਚ ਹਰੇਕ ਨਾਗਰਿਕ ਨੂੰ ਸਮਾਨ ਅਧਿਕਾਰ ਪ੍ਰਾਪਤ ਹੁੰਦੇ ਹਨ। ਕਿਸੇ ਵਿਅਕਤੀ ਦੇ ਚੰਗੇਰੇ ਜੀਵਨ ਲਈ ਲੋਕਤੰਤਰੀ ਸਿਧਾਂਤ, ਸੁਤੰਤਰਤਾ, ਸਮਾਨਤਾ ਅਤੇ ਸਾਰਿਆਂ ਦੀ ਭਲਾਈ ਅਤਿਅੰਤ ਜ਼ਰੂਰੀ ਮੰਨੀ ਜਾਂਦੀ ਹੈ। ਲੋਕਤੰਤਰ ਵਿਚ ਵਿਅਕਤੀ ਨੂੰ ਸਾਰੇ ਸਿਧਾਂਤਾਂ ਅਤੇ ਯੋਜਨਾਵਾਂ ਦਾ ਕੇਂਦਰ ਬਿੰਦੂ ਮੰਨਿਆ ਜਾਂਦਾ ਹੈ। ਇਸ ਲਈ ਲੋਕਤੰਤਰ ਵਿਚ ਵਿਅਕਤੀ ਦੇ ਸਮਾਜਿਕ ਸਭਿਆਚਾਰਕ ਉਸਾਰ ਉਤੇ ਕਿਸੇ ਪ੍ਰਕਾਰ ਦੀ ਕੋਈ ਬੰਦਿਸ਼ ਦੀ ਗੁੰਜਾਇਸ਼ ਹੀ ਨਹੀਂ ਹੁੰਦੀ। ਲੋਕਤੰਤਰ ਵਿਚ ਵੱਖ- ਵੱਖ ਜਾਤਾਂ ਦੇ ਲੋਕਾਂ ਦੇ ਰਹਿਣ ਕਰਕੇ ਉਹਨਾਂ ਅੰਦਰ ਸਹਿਣਸ਼ੀਲਤਾ ਸਮਾ ਜਾਂਦੀ ਹੈ, ਜਿਸ ਕਰਕੇ ਵਿਅਕਤੀ ਆਪਣੀ ਸੁਤੰਤਰ ਸੋਚ ਨਾਲ ਆਪਣੇ ਸਮਾਜ ਸਭਿਆਚਾਰ ਲਈ ਹਮੇਸ਼ਾ ਦੂਜਿਆਂ ਦੀ ਭਲਾਈ ਹੀ ਸੋਚਦਾ ਹੈ।

ਮਨੁੱਖ ਜਨਮ ਤੋਂ ਹੀ ਆਪਣੀਆਂ ਲੋੜਾਂ ਅਤੇ ਮੂਲ ਪ੍ਰਵਿਰਤੀਆਂ ਦੀ ਸੰਤੁਸ਼ਟੀ ਲਈ ਸਮਾਜਿਕ ਸੰਬੰਧਾਂ ਵਿਚ ਵਿਚਰਦਾ ਹੈ। ਸਮਾਜਿਕ ਸੰਸਥਾ ਦੀ ਸਭ ਤੋਂ ਛੋਟੀ ਇਕਾਈ ਪਰਿਵਾਰ ਹੁੰਦਾ ਹੈ, ਜਿਸ ਨਾਲ ਮਨੁੱਖ ਦਾ ਸਭ ਤੋਂ ਪਹਿਲਾ ਵਾਸਤਾ ਪੈਂਦਾ ਹੈ। ਉਸਦੀਆਂ ਆਦਤਾਂ, ਰੁਚੀਆਂ, ਬਿਰਤੀਆਂ ਅਤੇ ਭਾਸ਼ਾ ਆਦਿ ਦੀ ਸਿਰਜਣਾ ਸਭ ਤੋਂ ਪਹਿਲਾਂ ਪਰਿਵਾਰ ਵਿਚ ਹੀ ਆਰੰਭ ਹੁੰਦੀ ਹੈ। ਉਸਦੇ ਸਮੁੱਚੇ ਵਿਅਕਤੀਤਵ ਦੀ ਉਸਾਰੀ ਵਿਚ ਉਸਦੇ ਪਰਿਵਾਰ ਦਾ ਯੋਗਦਾਨ ਪ੍ਰਮੁੱਖ ਹੁੰਦਾ ਹੈ। ਪਰਿਵਾਰ ਵਿਚ ਭਿੰਨ-ਭਿੰਨ ਪ੍ਰਕਾਰ ਦੇ ਸੰਸਕਾਰ ਵਿਅਕਤੀ ਦੇ ਆਚਰਣ ਨੂੰ ਨਿਰਧਾਰਿਤ ਕਰਦੇ ਹਨ। ਉਸਦੇ ਜਨਮ ਨਾਲ ਹੀ ਮਿਥੇ ਗਏ ਆਦਰਸ਼ ਨੂੰ ਪ੍ਰਾਪਤ ਕਰਨ ਲਈ ਮਨੁੱਖ ਉਮਰ ਭਰ ਪ੍ਰਯਤਨ ਕਰਦਾ ਰਹਿੰਦਾ ਹੈ। ਲੋੜਾਂ ਅਤੇ ਆਦਰਸ਼ ਭਾਵੇਂ ਵੱਖੋ ਵੱਖਰੇ ਹੁੰਦੇ ਹਨ ਪਰ ਦੋਹਾਂ ਦੀ ਆਪਸ ਵਿਚ ਬੁਨਿਆਦੀ ਸਾਂਝ ਵੀ ਹੈ। ਲੋੜਾਂ ਤਾਂ ਇਸ ਸਰੀਰ ਨਾਲ ਭਾਵ ਇਸ ਜੀਵਨ ਨਾਲ ਸੰਬੰਧਿਤ ਹੁੰਦੀਆਂ ਹਨ ਪਰੰਤੂ ਆਦਰਸ਼ ਜੀਵਨ ਨਾਲ ਮੌਤ ਤੋਂ ਬਾਅਦ ਵੀ ਸੰਬੰਧਿਤ ਰਹਿੰਦਾ ਹੈ ਜਦੋਂ ਵਿਅਕਤੀ ਆਪਣੀਆਂ ਲੋੜਾਂ ਨੂੰ ਆਦਰਸ਼ ਸਮਝ ਕੇ ਸੀਮਤ ਕਰ ਲੈਂਦਾ ਹੈ ਤਾਂ ਉਸਦਾ ਅਸਲ ਆਦਰਸ਼ ਲੁਕਿਆ ਹੀ ਰਹਿੰਦਾ ਹੈ। ਅਰਥਾਤ ਮਨੁੱਖ ਆਪਣੇ ਆਦਰਸ਼ ਬਾਰੇ ਸੋਚਦਾ ਅਤੇ ਵਿਚਾਰਦਾ ਤਕ ਨਹੀ।

ਲੋਕਤੰਤਰ ਵਿਚ ਸਭ ਜਾਤਾਂ, ਧਰਮਾਂ, ਨਸਲਾਂ ਅਤੇ ਕੌਮਾਂ ਨੂੰ ਸਮਾਨਤਾ ਦਾ ਅਧਿਕਾਰ ਪ੍ਰਾਪਤ ਹੁੰਦਾ ਹੈ। ਕਿਸੇ ਨਾਲ ਵੀ ਕਿਸੇ ਪ੍ਰਕਾਰ ਦਾ ਵਿਤਕਰਾ ਨਹੀਂ ਕੀਤਾ ਜਾ ਸਕਦਾ। ਭਾਰਤੀ ਦਾਰਸ਼ਨਿਕ ਪਰੰਪਰਾ ਅੰਤਰਗਤ ਰਿਗਵੇਦ ਵਿਚ ਦੇਵੀ ਦੇਵਤਿਆਂ ਦੀ ਉਸਤਤ ਵਿਚ ਗਾਏ ਮੰਤਰ ਭਗਤੀ ਭਾਵ ਨਾਲ ਓਤਪ੍ਰੋਤ ਹਨ। ਭਾਰਤ ਵਿਚ ਜਾਤੀ ਪ੍ਰਥਾ ਦਾ ਅਧਾਰ ਰਿਗਵੇਦ ਤੋਂ ਹੀ ਹੋ ਜਾਂਦਾ ਹੈ। ਇਤਿਹਾਸ ਗਵਾਹ ਹੈ ਕਿ ਪੁਰਾਤਨ ਭਾਰਤੀ ਸਮਾਜ ਵਿਅਕਤੀਗਤ ਅਤੇ ਸਮਾਜਿਕ ਪੱਖੋਂ ਇੱਕ ਉਤਮ ਸਮਾਜ ਸੀ। ਆਰੀਆ ਲੋਕਾਂ ਦੇ ਆਉਣ ਤੱਕ ਸਮਾਜ ਵਿਚ ਕੋਈ ਭੇਦ ਭਾਵ ਨਹੀਂ ਸੀ। ਰਿਗਵੇਦ ਦੇ ਸੁਤਰਾਂ ਅਤੇ ਭਗਵਤ ਗੀਤਾ ਵਿਚ ਵੀ ਉਸ ਸਮੇਂ ਲੋਕਾਂ ਦੀ ਉਨਤ ਜ਼ਿੰਦਗੀ ਦੇ ਹਵਾਲੇ ਪ੍ਰਾਪਤ ਹੁੰਦੇ ਹਨ ਪਰ ਹੌਲੀ ਹੌਲੀ ਧਾਤੂ ਜੁੱਗ ਆਉਣ ਕਰਕੇ ਲੋਕਾਂ ਵਿਚ ਸ਼ਕਤੀ ਅਤੇ ਧਨ ਕਰਕੇ ਫਰਕ ਪੈਣੇ ਸ਼ੁਰੂ ਹੋ ਗਏ ਜਿਸ ਕਾਰਨ ਸਮਾਜਿਕ ਭੇਦਭਾਵ ਆਰੰਭ ਹੋ ਗਏ। ਇਸ ਤਰ੍ਹਾਂ ਸਮਾਜ ਚਾਰ ਵਰਣਾਂ ਵਿਚ ਵੰਡਿਆ ਗਿਆ। ਬ੍ਰਾਹਮਣ, ਖੱਤਰੀ, ਵੈਸ਼ ਅਤੇ ਸ਼ੂਦਰ ਅਤੇ ਉਹਨਾਂ ਦੇ ਕੰਮਾਂ ਦੇ ਚਿੰਨ੍ਹਾਤਮਕ ਅਰਥ ਕੱਢੇ ਗਏ। ਬ੍ਰਾਹਮਣ-ਗਿਆਨ, ਖਤਰੀ ਸੁਰਖਿਆ, ਵੈਸ਼-ਧਨ ਅਤੇ ਸ਼ੂਦਰ ਸੇਵਾ।[16]

ਲੋਕਤੰਤਰ ਵਿਚ ਸਾਂਝੀਵਾਲਤਾ ਪ੍ਰਮੁੱਖ ਲੱਛਣ ਮੰਨਿਆ ਜਾਂਦਾ ਹੈ। ਕਿਸੇ ਇਕ ਭੁਗੋਲਿਕ ਜਾਂ ਭਾਸ਼ਾਈ ਖਿੱਤੇ ਵਿਚ ਰਹਿਣ ਵਾਲੇ ਮਨੁੱਖੀ ਸਮੂਹ, ਦੇਸ਼ ਅਤੇ ਕੌਮ ਦੇ ਸਭਿਆਚਾਰ ਨੂੰ ਸਮਾਨ ਮੰਨਿਆ ਜਾਂਦਾ ਹੈ। ਜਦੋਂ ਕੋਈ ਵੀ ਸ਼ਾਸ਼ਕ ਕੌਮ ਆਪਣੇ ਨਾਗਰਿਕਾਂ ਉਤੇ ਆਪਣੇ ਕੱਟੜ ਪੰਥੀ ਵਿਚਾਰਾਂ ਨੂੰ ਥੋਪਦੀ ਹੈ ਤਾਂ ਉਥੋਂ ਦੇ ਲੋਕਾਂ ਵਿਚ ਪਰਸਪਰ ਸਾਂਝ, ਭਾਈਚਾਰੇ ਅਤੇ ਬਰਾਬਰੀ ਦੇ ਸਿਧਾਂਤ ਨੂੰ ਠੇਸ ਪੁਜਦੀ ਹੈ। ਇਸ ਪ੍ਰਕਾਰ ਆਰਥਿਕ ਨਾ ਬਰਾਬਰੀ ਬਾਰੇ ਰੋਸ ਜ਼ਰੂਰੀ ਹੀ ਲੋਕਾਂ ਵਿਚ ਫੈਲ ਜਾਂਦਾ ਹੈ। ਇਤਿਹਾਸ ਵਿਚ ਇਕ ਸਮਾਂ ਐਸਾ ਵੀ ਆਇਆ ਕਿ ਜਦ ਚਾਰੇ ਪਾਸੇ ਅਸ਼ਾਂਤੀ ਫੈਲੀ ਹੋਈ ਸੀ ਅਤੇ ਬਾਹਰੀ ਹਮਲੇ ਹੋ ਰਹੇ ਸਨ ਤਾਂ ਭਾਸ਼ਾ, ਧਰਮ, ਵਰਣ ਅਤੇ ਸੰਪ੍ਰਦਾਇ ਦੇ ਨਾਮ ਉਤੇ ਕਈ ਕਿਸਮ ਦੇ ਭੇਦ ਭਾਵ ਪੈਦਾ ਹੋਣ ਨਾਲ ਮੱਧ ਕਾਲ ਵਿਚ ਜਿਸ ਤਰ੍ਹਾਂ ਸਮਾਜਿਕ ਸੰਗਠਨ ਦੇ ਉਦੇਸ਼ ਨਾਲ ਸਮਾਜ ਨੂੰ ਚਾਰ ਹਿੱਸਿਆਂ ਵਿਚ ਵੰਡਿਆ ਗਿਆ ਹੈ। ਅਰਥਾਤ ਬ੍ਰਾਹਮਣ, ਖੱਤਰੀ, ਸ਼ੂਦਰ ਅਤੇ ਵੈਸ਼। ਉਸੇ ਤਰ੍ਹਾਂ ਵਿਅਕਤੀਗਤ ਜੀਵਨ ਨੂੰ ਉੱਨਤ ਕਰਨ ਲਈ ਜੀਵਨ- ਯਾਤਰਾ ਦੇ ਸੰਪੂਰਨ ਕਾਲ ਨੂੰ ਚਾਰ ਆਸ਼ਰਮਾਂ ਵਿਚ ਵੰਡਿਆ ਗਿਆ ਹੈ। ਅਰਥਾਤ ਬ੍ਰਹਮਚਰਜ, ਗ੍ਰਹਿਸਥ, ਬਾਨਪ੍ਰਸਤ ਅਤੇ ਸੰਨਿਆਸ।" ਉਪਨਿਸ਼ਦਾ ਵਿਚ ਧਰਮ ਅਨੁਸਾਰ ਜੀਵਨ ਦੇ ਤਿੰਨ ਸਤਰਾਂ ਦਾ ਜ਼ਿਕਰ ਪ੍ਰਾਪਤ ਹੁੰਦਾ ਹੈ। (i)ਵਿਦਿਆ ਪ੍ਰਾਪਤੀ (ii)ਗ੍ਰਹਿਸਥ ਸਤਰ (iii)ਸੰਨਿਆਸ। ਭਾਰਤੀ ਸਮਾਜ ਵਿਚ ਗ੍ਰਹਿਸਥ ਆਸ਼ਰਮ ਨੂੰ ਮਹੱਤਵਪੂਰਨ ਸਥਾਨ ਪ੍ਰਾਪਤ ਹੈ। ਗ੍ਰਹਿਸਥੀ ਨੂੰ ਆਪਣੀਆਂ ਨੈਤਿਕ, ਸਮਾਜਿਕ, ਧਾਰਮਿਕ ਅਤੇ ਆਰਥਿਕ ਜ਼ਿੰਮੇਵਾਰੀਆਂ ਦੀ ਪਾਲਣਾ ਕਰਨੀ ਹੁੰਦੀ ਹੈ। ਜਿਸ ਸਮਾਜ ਵਿਚ ਵਰਣ ਅਤੇ ਵਰਗ ਦੀ ਸਥਿਤੀ ਡਾਵਾਂਡੋਲ ਹੁੰਦੀ ਹੈ ਉਥੇ ਉਸੇ ਪ੍ਰਕਾਰ ਲਿੰਗ ਦੇ ਅਧਾਰ ਤੇ ਵੀ ਨਾ ਬਰਾਬਰੀ ਹੁੰਦੀ ਆਈ ਹੈ। ਔਰਤ ਨੂੰ ਵੀ ਸ਼ੂਦਰ ਦੀ ਤਰਾਂ ਮੰਨਿਆ ਜਾਂਦਾ ਸੀ ਅਤੇ ਮੁਕਤੀ ਦੇ ਦਰ ਤੇ ਪੁੱਜਣ ਤੱਕ ਲਈ ਉਸਨੂੰ ਰੋੜਾ ਮੰਨਿਆ ਜਾਂਦਾ ਰਿਹਾ

INTERNATIONAL JOURNAL OF MULTIDISCIPLINARY EDUCATIONAL RESEARCH
ISSN:2277-7881(Print); IMPACT FACTOR :10.16(2026); IC VALUE:5.16; ISI VALUE:2.286
PEER REVIEWED AND REFEREED INTERNATIONAL JOURNAL
(Fulfilled Suggests Parameters of UGC by IJMER)
Volume:15, Issue:1(7), January 2026
Scopus Review ID: A2B96D3ACF3FEA2A
Article Received: Reviewed: Accepted
Publisher: Sucharitha Publication, India
Online Copy of Article Publication Available: www.ijmer.in

ਹੈ। ਵਰਤਮਾਨ ਸਮੇਂ ਸਮਾਜਿਕ, ਆਰਥਿਕ, ਰਾਜਨੀਤਕ ਅਤੇ ਨੈਤਿਕ ਸੰਗਠਨਾਂ ਨੇ ਸਿੱਧੇ ਦਬਾਅ ਜਾਂ ਸਮਾਜਿਕ ਕਦਰਾਂ- ਕੀਮਤਾਂ, ਰੀਤੀ ਰਿਵਾਜਾਂ, ਸੰਸਕਾਰਾਂ, ਕਰਮ-ਕਾਂਡਾਂ, ਪਰੰਪਰਾ, ਸ੍ਰਿਸ਼ਟਾਚਾਰ ਅਤੇ ਕਿਰਤ ਦੀ ਵੰਡ ਰਾਹੀਂ ਔਰਤ ਉਪਰ ਸੰਪੂਰਨ ਕੰਟਰੋਲ ਕਰਨ ਦੇ ਸਮਰਥ ਬਣਾ ਦਿੱਤਾ ਹੈ। ਇਸੇ ਕਰਕੇ ਸਮਾਜ ਵਿਚ ਔਰਤ ਦੇ ਰੋਲ ਨੂੰ ਅੱਜ ਮਰਦ ਹੀ ਪ੍ਰੀਭਾਸ਼ਤ ਕਰਦਾ ਹੈ।[17]

ਲੋਕਤੰਤਰ ਦੇ ਸਰੂਪ ਸੰਬੰਧੀ ਚਰਚਾ ਕਰਦਿਆਂ ਇਹ ਵਿਚਾਰਿਆ ਗਿਆ ਕਿ ਹਰੇਕ ਵਿਅਕਤੀ ਦੇ ਵਿਕਾਸ ਲਈ ਸਰਕਾਰ ਵੱਲੋਂ ਦਿੱਤੇ ਜਾਂਦੇ ਨਾਗਰਿਕ ਅਧਿਕਾਰਾਂ ਵਿਚੋਂ ਇਕ ਪ੍ਰਮੁੱਖ ਅਧਿਕਾਰ ਧਾਰਮਿਕ ਸੁਤੰਤਰਤਾ ਦਾ ਹੈ। ਹਰ ਮਨੁੱਖ ਨੂੰ ਆਪਣੀ ਮਰਜ਼ੀ ਅਨੁਸਾਰ ਆਪਣਾ ਧਰਮ ਚੁਨਣ ਅਤੇ ਉਸ ਦੀ ਪੂਜਾ ਕਰਨ ਦਾ ਸਮਾਨ ਅਧਿਕਾਰ ਪ੍ਰਾਪਤ ਹੁੰਦਾ ਹੈ। ਅਧਿਆਤਮਕਤਾ ਦਾ ਸੰਬੰਧ ਧਰਮ ਨਾਲ ਹੁੰਦਾ ਹੈ। ਧਰਮ ਅਤੇ ਸਮਾਜ ਦੋ ਅਜਿਹੇ ਕੇਂਦਰ ਬਿੰਦੂ ਹਨ ਜਿਨ੍ਹਾਂ ਦਾ ਆਪਸ ਵਿਚ ਬੜਾ ਗੂੜ੍ਹਾ ਸੰਬੰਧ ਹੈ। ਸਮਾਜ ਧਰਮ ਨੂੰ ਪ੍ਰਭਾਵਿਤ ਕਰਦਾ ਹੈ ਅਤੇ ਧਰਮ ਸਮਾਜ ਨੂੰ। ਆਮ ਤੌਰ ਤੇ ਸਮਾਜਿਕ ਵਾਤਾਵਰਣ ਧਰਮ ਨੂੰ ਪ੍ਰਭਾਵਿਤ ਕਰਦਾ ਹੈ, ਭਾਵੇਂ ਧਰਮ ਦਾ ਪ੍ਰਭਾਵ ਵੀ ਸਮਾਜ ਉਤੇ ਅਕਸਰ ਦੇਖਿਆ ਜਾਂਦਾ ਹੈ। ਜੇ ਕੋਈ ਧਰਮ ਸਮਾਜ ਵਿਚਲੀਆਂ ਸਮੱਸਿਆਵਾਂ ਨੂੰ ਸੁਲਝਾਉਣ ਲਈ ਆਪਣੀ ਯੋਗ ਅਗਵਾਈ ਨਾ ਬਖਸ਼ੇ ਤਾਂ ਸਮਾਜ ਉਸ ਧਰਮ ਤੋਂ ਕੰਨੀ ਕਤਰਾ ਲੈਂਦਾ ਹੈ। ਡਾ. ਰਾਧਾ ਕ੍ਰਿਸ਼ਨਨ ਧਰਮ ਬਾਰੇ ਲਿਖਦੇ ਹਨ, " ਕਿਸੇ ਸੱਚੇ ਧਰਮ ਦੀ ਕਸਵੱਟੀ ਇਹ ਹੈ ਕਿ ਇਹ ਕਿਸ ਹੱਦ ਤੱਕ ਵਿਅਕਤੀ ਅਤੇ ਸਮਾਜਿਕ ਵਿਵਸਥਾ ਨੂੰ ਬਦਲ ਸਕਦਾ ਹੈ। ਧਰਮ ਨੂੰ ਸਮਾਜਿਕ ਜੀਵਨ ਅਤੇ ਧਰਮ ਪ੍ਰਥਾਵਾਂ ਦੇ ਹਨੇਰੇ ਪੱਖਾਂ ਨੂੰ ਪ੍ਰਕਾਸ਼ਿਤ ਕਰਨਾ ਚਾਹੀਦਾ ਹੈ।"[18]

ਇਸ ਤਰ੍ਹਾਂ ਬਾਣੀਕਾਰਾਂ ਨੇ ਲੋਕਤੰਤਰੀ ਸੰਕਲਪ ਅਧੀਨ ਹੀ ਹਿੰਦੁਸਤਾਨ ਦੀਆਂ ਜੜ੍ਹਾਂ ਵਿਚ ਸੰਚਿਤ ਹੋ ਕੇ ਹਿੰਦੁਸਤਾਨੀ ਉਨਤੀ ਦੇ ਵਿਕਾਸ ਵਿਚ ਰੋੜਾ ਅਟਕਾਉਂਦੀ ਸਮਾਜਿਕ ਸੰਤੁਲਨ ਵਿਗਾੜਦੀ ਅਖੌਤੀ ਸ਼੍ਰੇਣੀ ਵੰਡ ਦਾ ਕੇਵਲ ਜ਼ੋਰਦਾਰ ਸ਼ਬਦਾਂ ਵਿਚ ਵਿਰੋਧ ਹੀ ਨਹੀਂ ਕੀਤਾ ਸਗੋਂ ਅਖੌਤੀ ਵੰਡ ਦੀ ਸਥਾਪਿਤ ਪਰਿਭਾਸ਼ਾਵਲੀ ਨੂੰ ਬਦਲ ਕੇ ਇਸਨੂੰ ਸਾਕਾਰਤਮਿਕ, ਉਸਾਰੂ ਅਤੇ ਉਪਯੋਗੀ ਅਰਥ ਪ੍ਰਦਾਨ ਕੀਤੇ ਹਨ।

## ਹਵਾਲੇ ਅਤੇ ਟਿੱਪਣੀਆਂ


1. ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 1349
2. ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 1035
3. ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 350
4. ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 45
5. ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 97
6. ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 103
7. ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 1378
8. ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 358
9. ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 889
10. ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 1374
11. ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 399
12. ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 1273
13. ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 1301
14. ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 917

INTERNATIONAL JOURNAL OF MULTIDISCIPLINARY EDUCATIONAL RESEARCH
ISSN:2277-7881(Print); IMPACT FACTOR :10.16(2026); IC VALUE:5.16; ISI VALUE:2.286
PEER REVIEWED AND REFEREED INTERNATIONAL JOURNAL
(Fulfilled Suggests Parameters of UGC by IJMER)
Volume:15, Issue:1(7), January 2026
Scopus Review ID: A2B96D3ACF3FEA2A
Article Received: Reviewed: Accepted
Publisher: Sucharitha Publication, India
Online Copy of Article Publication Available: www.ijmer.in

15. ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 485

16. ਮੋਹਨ ਲਾਲ ਸ਼ਰਮਾ, ਅਨੁਵਾਦਕ, ਮਨੁਸਿਮਰਤੀ, ਭਾਸ਼ਾ ਵਿਭਾਗ, ਪੰਜਾਬ, ਪੰਨਾ 1/31

17.ਅਮਰਜੀਤ ਸਿੰਘ ਗਰੇਵਾਲ, ਇੱਕੀਵੀਂ ਸਦੀ ਦੇ ਮਾਨਵ ਅਤੇ ਸਮਾਜ ਦੀ ਸਿਰਜਣਾ ਲਈ ਗੁਰੂ ਗ੍ਰੰਥ ਸਾਹਿਬ ਦੀ ਪ੍ਰਸੰਗਿਕਤਾ, ਵਿਸਮਾਦੁ ਨਾਦੁ, ਪੰਨਾ 93

18. Dr. Radha Krishan, *The Present Crisis of Faith*, P. 28